# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਜਿਨ੍ਹਾਂ ਵਿਦਿਆਰਥੀਆਂ ਨੇ ਮੈਟ੍ਰਿਕ ਦੀ ਪ੍ਰੀਖਿਆ ਨਵੰਬਰ-2011 ਵਿੱਚ ਬੋਰਡ ਵਲੋ ਦਿੱਤੇ ਸੁਨਹਿਰੀ ਮੌਕੇ (ਗੋਲਡਨ ਚਾਂਸ) ਅਧੀਨ ਪਾਸ ਕੀਤੀ ਹੈ ਅਤੇ ਗਿਆਰਵੀਂ ਦੀ ਪ੍ਰੀਖਿਆ ਸੈਸ਼ਨ-2010-11 ਵਿੱਚ ਪਾਸ ਕਰ ਚੁੱਕੇ ਹਨ, ਉਨ੍ਹਾਂ ਨੂੰ ਮੈਟ੍ਰਿਕ ਵਿੱਚ ਪਹਿਲਾਂ ਦਿੱਤੇ 2 ਮੌਕਿਆਂ ਦੀ ਲਗਾਤਾਰਤਾ ਵਿੱਚ ਤੀਸਰੇ ਮੌਕੇ ਨੂੰ **'ਸਪੈਸ਼ਲ ਕੇਸ'** ਵਜੋਂ ਵਿਚਾਰਦੇ ਹੋਏ ਗਿਆਰ੍ਹਵੀਂ ਸ੍ਰੇਣੀ ਦੀ ਪੜ੍ਹਾਈ ਪੂਰੀ ਕਰਨ ਦਾ ਲਾਭ ਅਤੇ ਬਾਰ੍ਹਵੀਂ ਵਿੱਚ ਰੈਗੂਲਰ ਵਿਦਿਆਰਥੀ ਵਜੋਂ ਦਾਖਲਾ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

(ਡਾ.ਬਲਵਿੰਦਰ ਸਿੰਘ)
ਸਕੱਤਰ

# ਪੰਜਾਬ ਸਕੂਲ ਸਿੱਖਿਆ ਬੋਰਡ
## ਪ੍ਰੈਸ ਨੋਟ

ਮੈਟ੍ਰਿਕ ਅਤੇ +2 ਪ੍ਰੀਖਿਆਵਾਂ ਸਤੰਬਰ 2012 (ਪਹਿਲਾ ਸਮੈਸਟਰ) ਲਈ ਨਵੇਂ ਪ੍ਰੀਖਿਆ ਕੇਂਦਰ ਸਥਾਪਿਤ ਕਰਨ ਸਬੰਧੀ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

1. ਬਿਨੈ ਪੱਤਰ/ਫਾਰਮ ਫੀਸ ਸਮੇਤ ਜਮ੍ਹਾਂ ਕਰਵਾਉਣ ਲਈ ਅੰਤਿਮ ਮਿਤੀ 15-6-2012 ਨਿਸਚਿਤ ਕੀਤੀ ਗਈ ਹੈ। ਮਿਤੀ 16-6-2012 ਤੋਂ 25-6-2012 ਤੱਕ 5000/- ਰੁ. ਲੇਟ ਫੀਸ ਵਜੋਂ ਸਮੇਤ ਬਿਨੈ ਪੱਤਰ ਅਤੇ ਨਿਰਧਾਰਿਤ ਫੀਸ ਪ੍ਰਾਪਤ ਕੀਤੀ ਜਾਵੇਗੀ। ਮਿਤੀ 26-6-2012 ਤੋਂ 2-7-2012 ਤੱਕ 10000/- ਰੁ. ਲੇਟ ਫੀਸ ਨਾਲ ਚੇਅਰਮੈਨ ਜੀ ਵੱਲੋਂ ਦੇਰੀ ਦੀ ਮੁਆਫੀ ਦਿੱਤੇ ਜਾਣ ਉਪਰੰਤ ਸਮੇਤ ਨਿਰਧਾਰਿਤ ਫੀਸ ਸਮੇਤ ਫਾਰਮ ਪ੍ਰਾਪਤ ਕੀਤੇ ਜਾਣਗੇ।
2. ਫੀਸ ਅਤੇ ਬਾਕੀ ਦੀਆਂ ਸਾਰੀਆਂ ਸ਼ਰਤਾਂ ਫਾਰਮ ਵਿੱਚ ਦਰਜ ਹਨ ਜੋ ਕਿ ਬੋਰਡ ਦੀ ਵੈਬਸਾਈਟ www.pseb.ac.in ਤੇ ਵੀ ਉਪਲਬਧ ਹੈ।
3. ਮੈਟ੍ਰਿਕ ਅਤੇ +2 ਪ੍ਰੀਖਿਆਵਾਂ ਲਈ ਫੀਸ ਤੇ ਫਾਰਮ ਵੱਖਰੇ-ਵੱਖਰੇ ਭਰੇ ਜਾਣ।
4. ਸਮੈਸਟਰ ਪ੍ਰਣਾਲੀ ਹੋਣ ਕਾਰਨ ਕੇਂਦਰ ਬਣਾਉਣ ਲਈ ਸੈਸ਼ਨ ਦੀ ਸ਼ੁਰੂਆਤ ਵਿੱਚ ਹੀ ਉਪਰੋਕਤ ਲੜੀ ਨੰ: 1 ਤੇ ਦਰਜ ਸ਼ਡਿਊਲ ਅਨੁਸਾਰ ਕੇਂਦਰ ਸਥਾਪਤ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਦੂਜੇ ਸਮੈਸਟਰ ਭਾਵ ਮਾਰਚ 2013 ਵਿੱਚ ਕੋਈ ਕੇਂਦਰ ਨਹੀ ਬਣਾਇਆ ਜਾਵੇਗਾ।
5. ਜੇਕਰ ਕਿਸੇ ਪ੍ਰੀਖਿਆ ਕੇਂਦਰ ਵਿੱਚ ਪ੍ਰੀਖਿਆਰਥੀਆਂ ਦੀ ਗਿਣਤੀ ਨਿਰਧਾਰਿਤ ਗਿਣਤੀ (ਭਾਵ ਪੇਂਡੂ ਇਲਾਕੇ ਲਈ 90 ਅਤੇ ਸ਼ਹਿਰੀ ਇਲਾਕੇ ਲਈ 125) ਤੋਂ ਘੱਟ ਰਹਿ ਜਾਂਦੀ ਹੈ ਤਾਂ ਪ੍ਰੀਖਿਆ ਕੇਂਦਰ ਜਾਰੀ ਰੱਖਣ ਲਈ ਸਬੰਧਤ ਸਕੂਲ ਨੂੰ 400/-ਰੁ. ਪ੍ਰਤੀ ਪ੍ਰੀਖਿਆਰਥੀ ਦੀ ਦਰ ਨਾਲ ਘੱਟ ਪ੍ਰੀਖਿਆਰਥੀਆਂ ਦੀ ਬਣਦੀ ਫੀਸ ਇਕਮੁੱਠ ਜਮ੍ਹਾਂ ਕਰਵਾਉਣੀ ਪਵੇਗੀ। ਘੱਟ ਪ੍ਰੀਖਿਆਰਥੀਆਂ ਦੀ ਫੀਸ ਨਾ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਪ੍ਰੀਖਿਆ ਕੇਂਦਰ ਰੱਦ ਕਰ ਦਿੱਤਾ ਜਾਵੇਗਾ।

(ਡਾ. ਬਲਵਿੰਦਰ ਸਿੰਘ)
ਸਕੱਤਰ

ਮਿਤੀ: